# AQIS Fact Sheet

Punjabi

## ਭਾਰਤ ਵਿਚੋਂ ਵਾਪਸ ਆਏ ਮੁਸਾਫਿਰਾਂ ਲਈ

### ਇਕ ਨਿਰਾਲਾ ਮਹਾਂਦੀਪ

ਆਸਟਰੇਲਿਆ ਦਾ ਵਾਯੂਮੰਡਲ ਨਿਰਾਲਾ ਹੈ । The Australian Quarantine and Inspection Service (AQIS) ਇਸ ਨੂੰ ਨਿਰਾਲਾ ਰਹਿਣ ਵਿਚ ਮਦਦ ਕਰਦੀ ਹੈ ।

ਵਿਦੇਸ਼ ਵਿਚੋਂ ਲਿਆਏ ਭੋਜਨ, ਬਾਗ਼ ਦੇ ਸਮਾਨ ਅਤੇ ਜਾਨਵਰਾਂ ਤੋਂ ਬਣਾਏ ਸਮਾਨ ਆਸਟਰੇਲਿਆ ਵਿਚ ਉਹ ਗੰਭੀਰ ਵਿਨਾਸ਼ਕਾਰੀ ਕੀੜੇ ਅਤੇ ਬਿਮਾਰੀਆਂ ਲਿਆ ਸਕਦੇ ਹਨ ਜੋ ਏਥੇ ਹਾਜ਼ਰ ਨਹੀਂ ਹਨ ਅਤੇ ਇਹ ਸਾਡੇ ਕੀਮਤੀ ਵਾਯੂਮੰਡਲ, ਖੇਤੀਬਾਰੀ ਅਤੇ ਸੈਰ-ਸਪਾਟਾ ਉਦਯੋਗ ਨੂੰ ਬਰਬਾਦ ਕਰ ਸਕਦੇ ਹਨ ।

### ਐਲਾਨੋ ਜਾਂ ਚੌਕਸ ਰਹੋ

ਆਸਟਰੇਲਿਆ ਪਹੁੰਚ ਕੇ ਤੁਸੀਂ ਸਾਰੇ ਭੋਜਨ, ਬਾਗ਼ ਦੇ ਸਮਾਨ ਅਤੇ ਜਾਨਵਰਾਂ ਤੋਂ ਬਣਾਏ ਸਮਾਨਾਂ ਦਾ ਐਲਾਨ ਜਰੂਰ ਕਰੋ । ਕੁਰਾਟੀਨ ਅਫਸਰ ਇਨ੍ਹਾਂ ਸਮਾਨਾਂ ਦੀ ਜਾਂਚ ਕਰਨਗੇ ਤਾਕਿ ਇਹ ਯਕੀਨੀ ਕੀਤਾ ਜਾਵੇ ਕਿ ਇਹ ਵਿਨਾਸ਼ਕਾਰੀ ਕੀੜੇ ਅਤੇ ਬਿਮਾਰੀਆਂ ਤੋਂ ਮੁਕਤ ਹਨ । ਕੁਝ ਸਮਾਨਾਂ ਨੂੰ ਤੁਹਾਨੂੰ ਵਾਪਸ ਕਰਨ ਤੋਂ ਪਹਿਲਾਂ, ਸੁਰੱਖਿਅਤ ਕਰਨ ਲਈ ਇਲਾਜ ਦੀ ਲੋੜ ਪੈ ਸਕਦੀ ਹੈ ।

ਉਹ ਸਮਾਨ ਜੋ ਵਿਨਾਸ਼ਕਾਰੀ ਕੀੜੇ ਅਤੇ ਬਿਮਾਰੀਆਂ ਦੇ ਖਤਰੇ ਕਰਕੇ ਵਰਜਤ ਕੀਤੇ ਗਏ ਹਨ, AQIS ਉਨ੍ਹਾਂ ਨੂੰ ਜਬਤ ਕਰਕੇ ਨਸ਼ਟ ਕਰ ਦੇਵੇਗੀ । ਤੁਸੀਂ ਵਰਜਤ ਵੀਤੇ ਗਏ ਸਮਾਨਾਂ ਨੂੰ ਨਸ਼ਟ ਕਰਨ ਲਈ ਹਵਾਈ ਅੱਡਿਆਂ ਤੇ ਰਖੇ ਕੁਰਾਟੀਨ ਪੀਪੇਆਂ ਵਿਚ ਵੀ ਪਾ ਸਕਦੇ ਹੋ ।

**ਸਾਰੇ** ਸਫਰੀ ਸਮਾਨ ਦੀ ਪੜਤਾਲ ਜਾਂ ਐਕਸ-ਰੇ ਕੀਤੀ ਜਾਦੀਂ ਹੈ, ਇਸ ਕਰਕੇ ਤੁਹਾਡੀ ਭਲਾਈ ਇਸ ਵਿਚ ਹੈ ਕਿ ਸਾਰੇ ਭੋਜਨ, ਬਾਗ਼ ਅਤੇ ਜਾਨਵਰਾਂ ਤੋਂ ਬਣਾਏ ਸਮਾਨਾਂ ਦਾ ਐਲਾਨ ਕਰੋ ।

ਜੇ ਤੁਹਾਨੂੰ ਯਕੀਨ ਨਹੀਂ ਹੈ ਤਾਂ ਕੁਰਾਟੀਨ ਅਫਸਰ ਨੂੰ ਪੁਛੋ ।

### ਵਰਜਤ ਕੀਤੇ ਗਏ ਸਮਾਨ

**ਦੁੱਧਸ਼ਾਲਾ ( ਡੈਰੀ ) ਦੇ ਸਮਾਨ:** ਕੋਈ ਵੀ ਸਮਾਨ ਜੋ ਦੁੱਧਸ਼ਾਲਾ ( ਡੈਰੀ ) ਤੋਂ ਬਣਦਾ ਹੈ ਜਿਨ੍ਹਾਂ ਵਿਚ ਭਾਰਤੀ ਮਿਠਿਆਈਆਂ ਬਰਫ਼ੀ, ਪੇੜਾ ਅਤੇ ਰਸਗੁਲ੍ਹਾ ਸ਼ਾਮਲ ਹਨ । ਦੁੱਧਸ਼ਾਲਾ ( ਡੈਰੀ ) ਦੇ ਬਣੇ ਸਮਾਨ ਪੈਰ ਅਤੇ ਮੂੰਹ ਦੀ ਬਿਮਾਰੀ ਫੈਲਾ ਸਕਦੇ ਹਨ ਜਿਸ ਨਾਲ ਆਸਟਰੇਲਿਆ ਦੇ ਪਸ਼ੂ ਧਨ ਨੂੰ ਖਤਰਾ ਪੈਦਾ ਹੋ ਸਕਦਾ ਹੈ ।



**ਬਰਫ਼ੀ**



**ਪੇੜਾ**



**ਰਸਗੁਲ੍ਹਾ**

**ਬੀਜ ਅਤੇ ਗਿਰੀ ਵਾਲੇ ਫਲ :** ਕੱਚੇ ਗਿਰੀ ਵਾਲੇ ਫਲ, ਅਨਾਜ ਦੇ ਦਾਣੇ, ਮੱਕੀ, ਪੰਛੀਆਂ ਦੀ ਖੁਰਾਕ, ਕੁਝ ਵਪਾਰਕ ਪੈਕ ਕੀਤੇ ਦਾਣੇ, ਮਸਾਲੇ ਅਤੇ ਅਣਪਛਾਣੇ ਬੀਜ । ਇਹ ਸੋਗੀ ਵੇਸ ਅਤੇ ਹੋਰ ਵਿਦੇਸ਼ੀ ਬਿਮਾਰੀਆਂ ਨੂੰ ਦੇਸ਼ ਅੰਦਰ ਲਿਆ ਸਕਦੇ ਹਨ ।







**ਤਾਜਾ ਅਤੇ ਫ਼ਰੋਜ਼ਨ ਫਲ ਅਤੇ ਸਬਜੀਆਂ :** ਇਸ ਤਰ੍ਹਾਂ ਦੇ ਭੋਜਨ ਕਈ ਪ੍ਰਕਾਰ ਦੇ ਬੈਕਟੀਰੀਅਲ, ਫੂੰਗਲ ਅਤੇ ਜੈਹਰੀਲੀ ਬਿਮਾਰੀਆਂ ਨਾਲ ਦੂਸ਼ਤ ਹੋ ਸਕਦੇ ਹਨ ।

**ਆਂਡੇ ਅਤੇ ਆਂਡੇ ਤੋਂ ਉਪਜੇ ਸਮਾਨ :** ਸਾਰੇ ਸਬੂਤੇ, ਸੁੱਕਾਏ ਅਤੇ ਪੀਸੇ ਆਂਡੇ, ਅਤੇ ਆਂਡੇ ਤੋਂ ਬਣਾਏ ਸਮਾਨ । ਇਨ੍ਹਾਂ ਸਮਾਨਾਂ ਵਿਚ ਬਿਮਾਰੀਆਂ ਦੀ ਜੈਹਰੀਲੀ ਅਤੇ ਵਿਦੇਸ਼ੀ ਨਸਲ ਜਿਵੇਂ ਕਿ ਏਵਿਅਨ ਇਨਫਲੂੰਜ਼ਾ (ਪੰਛੀ ਫਲੂ) ਅਤੇ ਨੀਓਕੈਸਲ ਬਿਮਾਰੀ ਲਗੀ ਹੋ ਸਕਦੀ ਹੈ, ਜੋ ਸਾਡੀ ਦੇਸੀ ਪੰਛੀਆਂ ਅਤੇ ਮੁਰਗੀਖਾਨਾ ਉਦਯੋਗ ਲਈ ਖਤਰਾ ਪੈਦਾ ਕਰ ਸਕਦੀ ਹੈ ।

**ਜੀਵਤ ਪਸ਼ੂ :** ਸਾਰੇ ਥਣਧਾਰੀ ਪਸ਼ੂ, ਪੰਛੀ, ਪੱਛੀਆਂ ਦੇ ਅੰਡੇ, ਆਲ੍ਹਣੇ, ਮੱਛੀ, ਰੀਂਗਣ ਵਾਲੇ ਜੀਵ ਅਤੇ ਕੀੜੇ । ਇਨ੍ਹਾਂ ਵਿਚ ਕਈ ਦਰਜਨ ਵਿਦੇਸ਼ੀ ਬਿਮਾਰੀਆਂ ਹੋ ਸਕਦੀਆਂ ਹਨ ਜਿਸ ਵਿਚ ਸ਼ਾਮਲ ਹਨ ਜਲਤਰਾਸ ਰੋਗ ਅਤੇ ਪੈਰ ਅਤੇ ਮੂੰਹ ਦੀ ਬਿਮਾਰੀ, ਵਿਦੇਸ਼ੀ ਵਿਨਾਸ਼ਕਾਰੀ ਕੀੜੇ ਅਤੇ ਪਰਜੀਵੀ ।

**ਜੀਵਤ ਪੌਦੇ :** ਸਾਰੇ ਗਮਲੇ ਵਾਲੇ / ਨੰਗੀ ਜੜ ਵਾਲੇ ਪੌਦੇ, ਵਾਢੀ, ਤਣੇ, ਜੜਾਂ ਅਤੇ ਦੂਜੇ ਪੌਦੇਆਂ ਦੇ ਸਮਾਨ । ਪੌਦੇਆਂ ਦੇ ਸਮਾਨ ਵਿਚ ਹੋ ਸਕਦੇ ਹਨ ਬੈਕਟੀਰੀਅਲ, ਫੂੰਗਲ ਅਤੇ ਜੈਹਰੀਲੀ ਬਿਮਾਰੀਆਂ, ਪਰਜੀਵੀ , ਸੋਗੀ ਵੇਸ ਅਤੇ ਵਿਨਾਸ਼ਕਾਰੀ ਕੀੜੇ ।

**ਬਿਨਾ ਟੀਨਬੰਦ ਮਾਸ ਦੇ ਸਮਾਨ :** ਸਾਰੇ ਜਾਨਵਰਾਂ ਦੀ ਕਿਸਮਾਂ, ਤਾਜਾ, ਫ਼ਰੋਜ਼ਨ, ਪੱਕਿਆ, ਸਮੋਕਡ, ਨਮਕ ਲਾਇਆ, ਜਾਂ ਸੁਰੱਖਿਅਤ ਮਾਸ । ਮਾਸ ਵਿਚ ਪੈਰ ਅਤੇ ਮੂੰਹ ਦੀ ਬਿਮਾਰੀ ਅਤੇ ਕਈ ਹੋਰ ਬਿਮਾਰੀਆਂ ਜਾਂ ਪਰਜੀਵੀ ਹੋ ਸਕਦੀਆਂ ਹਨ ਜੋ ਇਨਸਾਨੀ ਸੇਹਤ ਅਤੇ ਸਾਡੇ ਪਸ਼ੂ ਧਨ, ਘਰੇਲੂ ਅਤੇ ਦੇਸੀ ਪਸ਼ੂਆਂ ਲਈ ਖਤਰਾ ਪੈਦਾ ਕਰ ਸਕਦੀਆਂ ਹਨ ।

## ਕੁਰਾਟੀਨ ਫੜਨ ਵਾਲੇ ਕੁੱਤੇ



ਤੁਸੀਂ ਸਮਾਨ ਚੁੱਕਣ ਵਾਲੀ ਜਗ੍ਹਾ ਤੇ ਇਕ ਸਹਾਇਕ ਕੁਰਾਟੀਨ ਫੜਣ ਵਾਲਾ ਕੁੱਤਾ ਵੇਖ ਸਕਦੇ ਹੋ । ਇਹ ਕੁੱਤੇ ਸਮਾਨ ਵਿਚ ਭੋਜਨ, ਬਾਗ਼ ਦੇ ਸਮਾਨ ਅਤੇ ਜਾਨਵਰਾਂ ਤੋਂ ਬਣਾਏ ਸਮਾਨਾਂ ਦੀ ਪੜਤਾਲ ਕਰਦੇ ਹਨ ਜੋ ਕੁਰਾਟੀਨ ਕਰਕੇ ਖਤਰਾ ਹਨ ।

ਜੇ ਤੁਸੀਂ ਇਕ ਕੁੱਤੇ ਨੂੰ ਆਪਣੇ ਨੇੜੇ ਵੇਖਦੇ ਹੋ ਤਾਂ ਡਰਨ ਦੀ ਕੋਈ ਲੋੜ ਨਹੀਂ । ਕਿਰਪਾ ਕਰ ਕੇ ਆਪਣੇ ਬੈਗ ਨੂੰ ਜਾਂਚ ਲਈ ਫਰਸ਼ ਤੇ ਰਖ ਦੇਵੋ । ਇਕ ਕੁਰਾਟੀਨ ਅਫਸਰ ਤੁਹਾਨੂੰ ਬੈਗ ਦੇ ਅੰਦਰ ਦੇ ਸਮਾਨ ਬਾਰੇ ਪੁੱਛੇਗਾ ਅਤੇ ਇਹ ਪੜਤਾਲ ਕਰੇਗਾ ਕਿ ਤੁਸੀਂ ਕੋਈ ਸਮਾਨ ਤਾਂ ਨਹੀਂ ਰੱਖਿਆ ਜੋ ਅਸਟਰੇਲਿਆ ਲਈ ਕੁਰਾਟੀਨ ਖਤਰਾ ਪੈਦਾ ਕਰ ਸਕੇ ।

## ਵਾਪਸੀ ਮੁਸਾਫਰ ਕਾਰਡ

ਆਸਟਰੇਲਿਆ ਉੱਤਰਨ ਤੋਂ ਪੈਹਲਾਂ, ਮੁਸਾਫਿਰਾਂ ਨੂੰ ਭਰਨ ਲਈ ਇਕ ਵਾਪਸੀ ਮੁਸਾਫਰ ਕਾਰਡ ਦਿੱਤਾ ਜਾਦਾਂ ਹੈ । ਇਹ ਇਕ ਕਾਨੂਨੀ ਕਾਗਜ਼ਾਤ ਹੈ ।

ਤੁਹਾਨੂੰ 'yes' ਨੂੰ ਟਿੱਕ ਮਾਰਕ ਜਰੂਰ ਕਰਨਾ ਚਾਹੀਦਾ ਹੈ ਜੇ ਤੁਹਾਡੇ ਪਾਸ ਭੋਜਨ, ਬਾਗ਼ ਦੇ ਸਮਾਨ ਅਤੇ ਜਾਨਵਰਾਂ ਤੋਂ ਬਣਾਏ ਸਮਾਨ ਹਨ । ਜਾਂ ਫਿਰ ਇਨ੍ਹਾਂ ਸਮਾਨਾਂ ਨੂੰ ਨਸ਼ਟ ਕਰਨ ਲਈ ਹਵਾਈ ਅੱਡਿਆਂ ਤੇ ਰਖੇ ਕੁਰਾਟੀਨ ਪੀਪੇਆਂ ਵਿਚ ਪਾਉ ।

ਜੇ ਤੁਸੀਂ ਇਹ ਨਹੀਂ ਦਸਦੇ ਜਾਂ ਇਨ੍ਹਾਂ ਕੁਰਾਟੀਨ ਸਮਾਨਾਂ ਨੂੰ ਨਸ਼ਟ ਨਹੀਂ ਕਰਦੇ, ਜਾਂ ਝੂਠਾ ਬਿਆਨ ਕਰਦੇ ਹੋ :

- **ਤੁਸੀਂ ਫੜੇ ਜਾਵੋਗੇ**
- **ਤੁਹਾਨੂੰ ਮੌਕੇ ਤੇ $220 ਦਾ ਜੁਰਮਾਨਾ ਹੋ ਸਕਦਾ ਹੈ**
- **ਤੁਹਾਡੇ ਤੇ ਮੁਕੱਦਮਾ ਚਲ ਸਕਦਾ ਹੈ ਅਤੇ $60,000 ਆਸਟਰੇਲਿਅਨ ਡਾਲਰ ਤੱਕ ਦਾ ਜੁਰਮਾਨਾ ਜਾਂ 10 ਸਾਲ ਦੀ ਕੈਦ ਹੋ ਸਕਦੀ ਹੈ ।**

## ਐਲਾਨ ਕੀਤੇ ਸਮਾਨਾਂ ਦਾ ਕੀ ਬਣਦਾ ਹੈ

ਜਿਆਦਾ ਕਰ ਕੇ, ਐਲਾਨ ਕੀਤਾ ਸਮਾਨ ਜਾਂਚ ਦੇ ਉਪਰੰਤ ਤੁਹਾਨੂੰ ਵਾਪਸ ਕਰ ਦਿੱਤਾ ਜਾਵੇਗਾ । ਵਰਜਤ ਸਮਾਨਾਂ ਨੂੰ AQIS ਦਵਾਰਾ ਜਬਤ ਕਰਕੇ ਨਸ਼ਟ ਕਰ ਦਿੱਤਾ ਜਾਵੇਗਾ । ਹੋਰ ਕਿਸੇ ਸਮਾਨ ਨੂੰ ਜੋ ਬਿਮਾਰੀ ਦਾ ਖਤਰਾ ਪੈਦਾ ਕਰੇਗਾ, ਰੋਕ ਲਿਆ ਜਾਵੇਗਾ । ਤੁਹਾਨੂੰ ਸਮਾਨ ਦੇ ਕੁਰਾਟੀਨ ਖਤਰੇ ਨੂੰ ਧਿਆਨ ਵਿਚ ਰਖਦੇ ਹੋਏ ਕੁਝ ਚੋਣਾਂ ਦੇ ਅਧਿਕਾਰ ਦਿੱਤੇ ਜਾਣਗੇ :

- ਸਮਾਨਾਂ ਨੂੰ ਸੁਰੱਖਿਅਤ ਕਰਨ ਲਈ ਧੂਣੀ ਜਾਂ ਚਮਕਾਉਣ ਵਰਗੇ ਇਲਾਜ ਦੀ ਲੋੜ ਪੈ ਸਕਦੀ ਹੈ *
- ਸਮਾਣ ਨੂੰ ਆਯਾਤ ਪਰਮਿਟ ਨਾਂ ਮਿਲਣ ਤੱਕ ਰੋਕ ਲਿਆ ਜਾਵੇਗਾ *
- ਸਮਾਨ ਨੂੰ ਹਵਾਈ ਅੱਡੇ ਵਿਚ ਰੱਖਿਆ ਜਾਵੇਗਾ ਤਾਕਿ ਤੁਸੀਂ ਆਸਟਰੇਲਿਆ ਰਵਾਨਗੀ ਵਕਤ ਇਸਨੂੰ ਵਾਪਸ ਲੈ ਜਾਉ *
- ਸਮਾਨ ਨੂੰ ਦੇਸ਼ ਤੋਂ ਬਾਹਰ ਭੇਜਿਆ ਜਾਵੇਗਾ*
- ਸਮਾਨ ਨੂੰ ਨਸ਼ਟ ਕਰ ਦਿੱਤਾ ਜਾਵੇਗਾ

AQIS ਨੁਕਸਾਨ ਦੇ ਖਤਰੇ ਨੂੰ ਘੱਟ ਕਰਨ ਲਈ ਹਰ ਸੰਭਵ ਯਤਨ ਕਰਦੀ ਹੈ ਪਰੰਤੂ ਚੋਣ ਦੌਰਾਨ ਹੋਏ ਨੁਕਸਾਨ ਦੀ ਕੋਈ ਜ਼ੁੰਮੇਵਾਰੀ ਸਵੀਕਾਰ ਨਹੀਂ ਕਰਦੀ ਹੈ ।
*(ਇਨ੍ਹਾਂ ਚੋਣਾ ਉੱਤੇ ਖਰਚਾ ਹੋਵੇਗਾ)

## ਜ਼ਿਆਦਾ ਜਾਣਕਾਰੀ

- **ਆਪਣੇ ਸ਼ਫ਼ਰ ਏਜੰਟ ਤੋਂ ਮੁਫਤ ਕੁਰਾਟੀਨ ਪੁਸਤਿਕਾ ਮੈਂ ਆਸਟਰੇਲਿਆ ਵਿਚ ਕੀ ਨਹੀਂ ਲਿਆ ਸਕਦਾ ?  ਦੀ ਮੰਗ ਕਰੋ ।**
- **AQIS ਦੀ ਵੈਬ ਸਾਈਟ www.aqis.gov.au ਤੇ ਜਾਉ**
- **AQIS ਨੂੰ  1800 020 504 (ਆਸਟਰੇਲਿਆ ਅੰਦਰ ਫਰੀ ਕਾਲ) ਤੇ ਫੋਨ ਕਰੋ**
- **ਆਪਣੇ ਵਾਪਸੀ ਮੁਸਾਫਰ ਕਾਰਡ ਨੂੰ ਸਹੀ ਤਰ੍ਹਾਂ ਭਰੋ**
- **ਸਾਰੇ ਭੋਜਨ ਅਤੇ ਬਾਗ਼ ਜਾਂ ਜਾਨਵਰਾਂ ਤੋਂ ਬਣਾਏ ਸਮਾਨਾਂ  ਦਾ ਐਲਾਨ ਕਰੋ**
- **ਕੁਰਾਟੀਨ ਸਮਾਨਾਂ ਦੀ ਸੌਖੀ ਛਾਣ-ਬੀਨ ਲਈ ਇਨ੍ਹਾਂ ਨੂੰ ਆਪਣੇ ਲੱਗੇਜ਼ ਵਿਚ ਪਹੁੰਚਯੋਗ ਜਗ੍ਹਾ ਵਿਚ ਰਖੋ**